# ਖੰਭਾਂ ਵਾਲੀ ਕੁੜੀ

**ਗੁਰਦੇਵ ਚੌਹਾਨ** ਦੀ ਏਸੇ ਨਾਂ ਦੀ ਕਹਾਣੀ ਦਾ ਨਾਟਕੀ ਰੂਪਾਂਤਰਣ

***ਪਾਤਰ***

ਮਨਦੀਪ
ਹਰਨੇਕ
ਰਾਮੂ ਚਾਚਾ

# ਖੰਭਾਂ ਵਾਲੀ ਕੁੜੀ

[ਨਾਟਕ ਸ਼ੁਰੂ ਹੋਣ 'ਤੇ ਮਨਦੀਪ ਆਪਣੇ ਕੰਮ 'ਤੇ ਜਾਣ ਦੀ ਤਿਆਰੀ ਕਰ ਰਹੀ ਹੈ। ਰਾਮੂ ਪਰਨੇ ਨਾਲ ਹੱਥ ਪੂੰਝਦਾ ਆਉਂਦਾ ਹੈ ਜਿਵੇਂ ਉਹ ਕੋਈ ਕੰਮ ਮੁਕਾ ਕੇ ਆਇਆ ਹੋਵੇ। ਮਨਦੀਪ ਦੀ ਤਿਆਰੀ ਤੋਂ ਸਥਾਪਤ ਹੋਣਾ ਚਾਹੀਦਾ ਹੈ ਕਿ ਉਹ ਹਸਪਤਾਲ ਦੀ ਨਰਸ ਹੈ।]

ਮਨਦੀਪ : ਰਾਮੂ।

ਰਾਮੂ : ਹਾਂ ਬੀਬੀ ਜੀ।

ਮਨਦੀਪ : ਇਹ ਦਵਾਈ ਸ. ਲਛਮਣ ਸਿੰਘ ਦੇ ਘਰ ਦੇ ਕੇ ਆ, ਉਹਨਾਂ ਦੀ ਨੂੰਹ ਲਈ ਹੈ।

ਰਾਮੂ : ਨਾ ਬੀਬੀ ਜੀ ਹਮ ਨਹੀਂ ਜਾਏਂ ਹੈ।

ਮਨਦੀਪ : ਕਿਉਂ ?

ਰਾਮੂ : ਸ. ਲਛਮਣ ਸਿੰਘ ਕੋਈ ਅੱਛੇ ਬੰਦੇ ਨਹੀਂ ਹੈਂ। ਕੱਲ੍ਹ ਸੱਥ ਮੇਂ ਆਪ ਕੇ ਬਾਰੇ ਬੁਰੀ-ਬੁਰੀ ਬਾਤੇਂ ਕਰ ਰਹੇ ਥੇ।

ਮਨਦੀਪ : ਕੀ ਕਹਿ ਰਿਹਾ ਸੀ ?

ਰਾਮੂ : ਕਹਿ ਰਹਾ ਥਾ ਮਨਦੀਪ ਅੱਛੀ ਲੜਕੀ ਨਹੀਂ ਹੈ। ਵੋ ਪਰਾਏ ਮਰਦੋਂ ਕੇ ਸਾਥ ਹੱਸ-ਹੱਸ ਕੇ ਬਾਤੇਂ ਕਰਤੀ ਹੈ।

ਮਨਦੀਪ : ਹੋਰ ਕੀ ਕਹਿ ਰਿਹਾ ਸੀ ?

ਰਾਮੂ : ਕਹਿ ਰਹਾ ਥਾ ਕਿ ਮੇਰੀ ਬੇਟੀ ਹੋ ਤੋ ਮੈਂ ਕਭੀ ਉਸੇ ਹਸਪਤਾਲ ਮੇਂ ਨੌਕਰੀ ਨਾ ਕਰਨੇ ਦੂੰ। ਔਰ ਬੀਬੀ ਜੀ ਆਪਣੇ ਬੀਰ ਜੀ ਭੀ ਆਪਕੇ ਕੰਮ ਕੋ ਅੱਛਾ ਨਹੀਂ ਸਮਝਤੇ। ਮਗਰ...ਬੀਰ ਜੀ ਕੀ ਬਾਤ ਤੋ ਔਰ ਹੈ।

ਮਨਦੀਪ : ਕਿਉਂ ?

ਰਾਮੂ : ਕਿਉਂਕਿ ਵੋਹ ਆਪ ਭੀ ਅੱਛੇ ਬੰਦੇ ਨਹੀਂ ਹੈ। ਬਹੁਤ ਬੇਈਮਾਨੀ ਕਰਤੇ ਹੈਂ। ਗਾਹਕੋਂ ਕੇ ਲੀਏ ਜੋ ਦੁੱਧ ਦੋਧੀ ਕੋ ਦੇਤੇ ਹੈਂ ਉਸ ਮੇਂ ਜੰਮ ਕੇ ਪਾਣੀ ਡਾਲਤੇ ਹੈਂ। ਔਰ ਸ਼ਰਾਬ ਕਾ ਧੰਦਾ ਭੀ ਕਰਤੇ ਹੈਂ। ਯੇਹ ਕੋਈ ਅੱਛੀ ਬਾਤ ਨਹੀਂ ਹੈ।

ਮਨਦੀਪ : ਫਿਰ ਤੂੰ ਇਥੇ ਨੌਕਰੀ ਕਿਉਂ ਕਰਦਾ ਏਂ ?

ਰਾਮੂ : ਆਪ ਕੇ ਲੀਏ ਹੀ ਕਰਤਾ ਹੂੰ।

ਮਨਦੀਪ : ਮੇਰੇ ਲੀਏ... ?

ਰਾਮੂ : ਆਪ ਮੇਰਾ ਇਤਨਾ ਖਿਆਲ ਰਖਤੇ ਹੈਂ। ਵੀਰ ਜੀ ਤੋ ਜਬ ਭੀ ਬੁਲਾਤੇ ਹੈਂ ਗਾਲ੍ਹੀ ਦੇ ਕੇ ਹੀ ਬੁਲਾਤੇ ਹੈਂ, ਉਏ ਸਾਲੇ ਰਾਮੂ, ਇਸ ਥੈਲੇ ਮੇਂ ਜੋ ਬੋਤਲੇ ਹੈਂ ਵੋ ਸਾਥ ਕੇ ਗਾਉਂ ਵਾਲੇ ਚਿਰੰਜੀ ਕੋ ਪੁਚਾ ਦੇ।

ਮਨਦੀਪ : ਤੂੰ ਨਾਂਹ ਕਰ ਦਿਆ ਕਰ, ਕਹਿ ਦਿਆ ਕਰ ਕਿ ਮੈਂ ਇਹ ਕੰਮ ਨਹੀਂ ਕਰਨਾ।

ਰਾਮੂ : ਵੋਹ ਧਮਕਾਤੇ ਹੈਂ, ਅਗਰ ਮੈਂ ਯਹ ਕਾਮ ਨਹੀਂ ਕਰੂੰਗਾ ਤੋ ਵੋ ਮੁਝੇ ਪੁਲਿਸ ਕੇ ਹਵਾਲੇ ਕਰ ਦੇਂਗੇ।

ਮਨਦੀਪ : ਉਹ ਕਿਉਂ ?

ਰਾਮੂ : ਵੋਹ ਕਹੇਂਗੇ ਕਿ ਮੈਂ ਘਰ ਦੀ ਕੱਢੀ ਸ਼ਰਾਬ ਇਧਰ ਉਧਰ ਪੁਚਾਤਾ ਹੂੰ।

ਮਨਦੀਪ : ਪਰ ਸ਼ਰਾਬ ਤੇਰੀ ਥੋੜ੍ਹਾ ਹੈ ?

ਰਾਮੂ : ਮਗਰ ਪੁਲਿਸ ਵਾਲੇ ਜਬ ਪਕੜੇਂਗੇ ਉਸ ਵਕਤ ਤੋ ਬੋਤਲ ਮੇਰੇ ਹਾਥ ਮੇਂ ਹੀ ਹੋਗੀ। ਪੁਲਿਸ ਵਾਲੇ ਪੂਛਤੇ ਥੋੜ੍ਹਾ ਹੈਂ, ਏਕ ਰਾਤ ਪੁਲਿਸ ਕੀ ਹਵਾਲਾਤ ਮੇਂ ਰਹਿ ਆਉ, ਵੋਹ ਇਤਨਾ ਮਾਰਤੇ ਹੈਂ ਕਿ ਬੰਦਾ ਫਿਰ ਉਮਰ ਭਰ ਨਹੀਂ ਉਠ ਸਕਤਾ।

ਮਨਦੀਪ : ਮੈਂ ਵੀਰ ਜੀ ਨੂੰ ਕਹਿ ਦਿਆਂਗੀ। ਹੁਣ ਤੂੰ ਜਾਹ ਜਾ ਕੇ ਦਵਾਈ ਦੇ ਕੇ ਆ।

*(ਜਾਣ ਲੱਗਦਾ ਹੈ ਤਾਂ ਹਰਨੇਕ ਆ ਜਾਂਦਾ ਹੈ)*

ਹਰਨੇਕ : ਉਏ ਰਾਮੂ ਕਿਥੇ ਚੱਲਿਆਂ ਏਂ ?

ਰਾਮੂ : ਸ. ਲਛਮਣ ਸਿੰਘ ਦੇ ਘਰ ਦਵਾਈ ਦੇਣ ਜਾ ਰਿਹਾ ਹੂੰ।

ਹਰਨੇਕ : ਕਿਉਂ ਲਛਮਣ ਸਿੰਘ ਨੂੰ ਕੀ ਪੀੜ ਪੈ ਗਈ ਏ ?

ਮਨਦੀਪ : ਲਛਮਣ ਸਿੰਘ ਲਈ ਨਹੀਂ ਇਹ ਉਨ੍ਹਾਂ ਦੀ ਨੂੰਹ ਲਈ ਹੈ। ਉਹ ਕੱਲ੍ਹ ਹਸਪਤਾਲ ਆਈ ਸੀ, ਜਾਹ ਰਾਮੂ ਛੇਤੀ ਦੇ ਕੇ ਆ।

*(ਰਾਮੂ ਚਲਾ ਜਾਂਦਾ ਹੈ)*

ਹਰਨੇਕ : ਹੁਣ ਸਾਰਾ ਪਿੰਡ ਹਸਪਤਾਲ ਹੀ ਤੁਰਿਆ ਰਹਿੰਦਾ ਏ, ਮਨਦੀਪ ਮੈਂ ਤੇਰੇ ਨਾਲ ਇਕ ਗੱਲ ਕਰਨੀ ਏ।

ਮਨਦੀਪ : ਮੈਨੂੰ ਪਤਾ ਤੂੰ ਕੀ ਗੱਲ ਕਰਨੀ ਐ। ਮੈਂ ਵੀ ਤੇਰੇ ਨਾਲ ਗੱਲ ਕਰਨੀ ਏ ਪਰ ਪਹਿਲਾਂ ਤੂੰ ਹੀ ਕਰ ਲੈ।

ਹਰਨੇਕ : ਲੋਕ ਤੇਰੇ ਬਾਰੇ, ਤੇਰੇ ਹਸਪਤਾਲ ਦੇ ਕੰਮ ਬਾਰੇ ਬੜੀਆਂ ਗੱਲਾਂ ਕਰਦੇ ਨੇ।

ਮਨਦੀਪ : ਕਿਹੜੇ ਲੋਕ ?

ਹਰਨੇਕ : ਪਿੰਡ ਦੇ ਲੋਕ।

ਮਨਦੀਪ : ਤੂੰ ਨਾਂ ਲੈ ਕੇ ਦੱਸ।

ਹਰਨੇਕ : ਉੱਚੀ ਪੱਤੀ ਵਾਲਾ ਵਰਿਆਮ ਸਿੰਘ।

ਮਨਦੀਪ : ਅੱਛਾ, ਉਹ ਵਰਿਆਮ ਸਿੰਘ ਜਿਹੜਾ ਆਪਣੀ ਮਾਂ ਨੂੰ ਨਾਲ ਲੈ ਕੇ ਹਸਪਤਾਲ ਆਇਆ ਸੀ। ਕੌਣ ਉਸਨੂੰ ਪੁੱਛਦਾ ਸੀ ਉੱਥੇ ? ਇਕ ਸਿਸਟਰ ਨੂੰ ਪੁੱਛਣ ਲੱਗਾ ਕਿ ਉਨ੍ਹਾਂ ਦੇ ਪਿੰਡ ਦੀ ਮਨਦੀਪ ਇਥੇ ਲੱਗੀ ਹੋਈ ਹੈ। ਉਹ ਉਸਨੂੰ ਮੇਰੇ ਕੋਲ ਲੈ ਆਈ। ਉਸ ਦੀ ਪਰਚੀ ਵੀ ਬਣ ਗਈ, ਐਕਸ-ਰੇ ਵੀ ਮੁਫਤ ਵਿਚ ਹੀ ਹੋ ਗਿਆ, ਟੈਸਟ ਵੀ ਫਟਾਫਟ ਹੋ ਗਏ। ਵਰਿਆਮ ਸਿੰਘ ਦੀ ਮਾਂ ਮੈਨੂੰ ਅਸੀਸਾਂ ਦੇਂਦੀ ਨਹੀਂ ਥੱਕਦੀ ਸੀ।

ਹਰਨੇਕ : ਪਰ ਵਰਿਆਮ ਸਿੰਘ ਤਾਂ ਕਹਿੰਦਾ ਫਿਰਦਾ ਕਿ ਮਨਦੀਪ ਦੀ ਟੌਹਰ ਹੀ ਉਥੇ ਬੜੀ ਐ। ਡਾਕਟਰਾਂ ਨਾਲ ਬੜੀ ਖੁੱਲ੍ਹੀ ਹੋਈ ਹੈ। ਹੱਸ-ਹੱਸ ਕੇ ਗੱਲਾਂ ਕਰਦੀ ਹੈ। ਡਾਕਟਰ ਤਾਂ ਉਸ ਉੱਤੇ ਮਰਦੇ ਨੇ ਤੇ ਹੋਰ ਵੀ ਬੜੀਆਂ ਗੱਲਾਂ ਕਰਦਾ ਸੀ। ਤੈਨੂੰ ਤਾਂ ਪਤਾ ਉਹ ਬੜਾ ਘੁਣਤਰੀ ਬੰਦਾ ਹੈ।

ਮਨਦੀਪ : ਪਤਾ ਤੇ ਹੋਰ ਵੀ ਬਹੁਤ ਕੁਝ, ਪਤਾ ਤੇ ਤੈਨੂੰ ਵੀ ਦੱਸ ਦੇਵਾਂ ਕਿ ਜੇ ਵਰਿਆਮ ਸਿੰਘ ਘੁਣਤਰੀ ਬੰਦਾ ਹੈ ਤਾਂ ਮੈਂ ਵੀ ਆਮ ਜਿਹੀ ਕੁੜੀ ਨਹੀਂ ਹਾਂ। ਭਾਵੇਂ ਲੋਕ ਜਿਨ੍ਹਾਂ ਵਿਚ ਮੈਂ ਤੈਨੂੰ ਵੀ ਸ਼ਾਮਿਲ ਸਮਝਦੀ ਹਾਂ, ਮੈਨੂੰ ਇਸ ਤਰ੍ਹਾਂ ਸਮਝ ਬੈਠਦੇ ਹਨ। ਕਿਹੜੀ ਨਰਸ ਐ ਜਿਹਦੇ ਬਾਰੇ ਲੋਕ ਗੱਲਾਂ ਨਹੀਂ ਕਰਦੇ ? ਨਰਸ ਕੀ, ਕੋਈ ਵੀ ਔਰਤ ਜਿਹੜੀ ਘਰ ਤੋਂ ਨਿਕਲਦੀ ਹੈ, ਕੋਈ ਵੀ ਕੰਮ ਕਰਦੀ ਐ, ਮਰਦ ਉਹਦੇ ਬਾਰੇ ਗੱਲਾਂ ਕਰਨਾ ਆਪਣਾ ਹੱਕ ਸਮਝਦੇ ਹਨ। ਜੇ ਉਹ ਇੰਜ ਨਾ ਸਮਝਣ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਤੰਗ ਕਰਨ ਲੱਗ ਪੈਂਦਾ ਏ ਕਿ ਉਹ ਮਰਦ ਹੀ ਨਹੀਂ।

ਹਰਨੇਕ : ਕੋਈ ਗੱਲ ਹੁੰਦੀ ਹੈ ਤਾਂ ਲੋਕ ਅੱਗੇ ਗੱਲਾਂ ਕਰਦੇ ਨੇ। ਇਹ ਡਾ. ਉਪਕਾਰ ਸਿੰਘ ਕੌਣ ਐ ?

ਮਨਦੀਪ : ਸਾਡੇ ਹਸਪਤਾਲ ਦਾ ਡਾਕਟਰ ਐ।

ਹਰਨੇਕ : ਤੇਰੇ ਨਾਲ ਉਹਦਾ ਕੀ ਰਿਸ਼ਤਾ ਏ ?

ਮਨਦੀਪ : ਹਾਲੀ ਤਾਂ ਨਹੀਂ ਪਰ ਜਲਦੀ ਹੋ ਵੀ ਸਕਦਾ ਏ।

ਹਰਨੇਕ : ਕੀ ਮਤਲਬ ?

ਮਨਦੀਪ : ਹੁਣ ਮਤਲਬ ਵੀ ਮੈਨੂੰ ਦੱਸਣਾ ਪਵੇਗਾ।

ਹਰਨੇਕ : ਕੀ ਜਾਤ ਹੈ ਉਸਦੀ ?

ਮਨਦੀਪ : ਐਮ. ਬੀ. ਬੀ. ਐਸ.।

ਹਰਨੇਕ : ਐਮ. ਬੀ. ਬੀ. ਐਸ. ਕੀ ? ਸੰਧੂ ਏ, ਗਿੱਲ ਏ, ਸ਼ੇਰਗਿੱਲ ਏ, ਵਿਰਕ ਏ ਜਾਂ ਮਾਨ ਏ ?

ਮਨਦੀਪ : ਡਾਕਟਰ ਦੀ ਜਾਤ ਤਾਂ ਸਿਰਫ ਡਾਕਟਰ ਹੀ ਹੁੰਦੀ ਹੈ।

ਹਰਨੇਕ : ਤੂੰ ਨਾ ਦੱਸ ਪਰ ਮੈਨੂੰ ਉਸ ਹਰਾਮਜ਼ਾਦੇ ਦੀ ਜਾਤ ਦਾ ਪਤਾ ਏ।

ਮਨਦੀਪ : ਉਸ ਹਰਾਮਜ਼ਾਦੇ ਦੀ ਜਾਤ ਦਾ ਪਤਾ ਪਿਛੋਂ ਕਰ ਲਵੀਂ ਪਰ ਪਹਿਲਾਂ ਆਪਣੀ ਜਾਤ ਦਾ ਪਤਾ ਲੈ ਲੈ। ਦਸਵੀਂ ਵਿਚੋਂ ਫੇਲ੍ਹ ਤੂੰ ਦੋ ਵਾਰੀ ਹੋਇਆ, ਨਜਾਇਜ਼ ਸ਼ਰਾਬ ਦਾ ਧੰਦਾ ਤੂੰ ਕਰਦਾ ਏਂ। ਤੈਨੂੰ ਮੈਂ ਦੱਸ ਦੇਵਾਂ ਕਿ ਤੇਰੀ ਜਾਤ ਡਾਕਟਰ ਦੀ ਜਾਤ ਤੋਂ ਬਹੁਤ ਨੀਵੀਂ ਏ।

ਹਰਨੇਕ : ਤੂੰ ਮੇਰੀ ਹੀ ਭੈਣ ਹੋ ਕੇ ਮੇਰੇ ਨਾਲ ਇਹੋ ਜਿਹੀਆਂ ਗੱਲਾਂ ਕਰਦੀ ਏਂ।

ਮਨਦੀਪ : ਤੂੰ ਗੱਲ ਸ਼ੁਰੂ ਕੀਤੀ ਐ ਤਾਂ ਮੇਰੇ ਕੋਲੋਂ ਵੀ ਸੁਣ ਲੈ, ਤੂੰ ਮੈਨੂੰ ਪੜ੍ਹਾਉਣ ਦੇ ਹੱਕ ਵਿਚ ਨਹੀਂ ਸੀ ਪਰ ਮੈਂ ਪੜ੍ਹ ਗਈ, ਤੂੰ ਮੇਰੇ ਨੌਕਰੀ ਕਰਨ ਦੇ ਹੱਕ ਵਿਚ ਨਹੀਂ ਸੀ ਪਰ ਮੈਂ ਨੌਕਰੀ ਵੀ ਕਰ ਲਈ, ਤੂੰ ਨਹੀਂ ਸੀ ਚਾਹੁੰਦਾ ਕਿ ਮੈਂ ਨਰਸ ਬਣਾਂ ਪਰ ਮੈਂ ਨਰਸ ਵੀ ਬਣ ਗਈ। ਯਾਨੀ ਉਹ ਸਭ ਕੁਝ ਹੋਇਆ ਜੋ ਤੂੰ ਨਹੀਂ ਸੀ ਚਾਹੁੰਦਾ। ਹੁਣ ਮੈਂ ਡਾਕਟਰ ਨਾਲ ਵਿਆਹ ਕਰਵਾਉਣਾ ਚਾਹੁੰਦੀ ਹਾਂ ਪਰ ਤੂੰ ਨਹੀਂ ਚਾਹੁੰਦਾ ਕਿ ਮੈਂ ਇਹ ਵਿਆਹ ਕਰਵਾਵਾਂ। ਪਰ ਇਹ ਹੋ ਜ਼ਰੂਰ ਜਾਵੇਗਾ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਅੱਗੇ ਤੇਰੇ ਨਾ ਚਾਹੁੰਣ ’ਤੇ ਵੀ ਹੁੰਦਾ ਰਿਹਾ। ਤੁਸੀਂ ਲੋਕ ਜਾਤ-ਪਾਤ ਦੇ ਚੱਕਰ ਵਿਚ ਫਸੇ ਰਹੋ ਤੇ ਪਰ ਮਨੁੱਖਤਾ ਦੇ ਨਾਤੇ ਮੇਰੀ ਜਾਤ ਉਹ ਨਹੀਂ ਜੋ ਤੁਹਾਡੀ ਜਾਤ ਐ। ਇਹ ਲਕੀਰ ਖਿੱਚੀ ਗਈ ਐ ਤੇਰੇ ਤੇ ਮੇਰੇ ਦਰਮਿਆਨ। ਇਹ ਲਕੀਰ ਉਸ ਵੇਲੇ ਦੀ ਖਿੱਚੀ ਗਈ ਐ ਜਦੋਂ ਬਾਪੂ ਜੀ ਤੇ ਬੀਬੀ ਜੀ ਜੀਉਂਦੇ ਸਨ।

ਹਰਨੇਕ : ਬਾਪੂ ਜੀ ਬੀਬੀ ਜੀ ਜੀਉਂਦੇ ਹੁੰਦੇ ਤਾਂ ਤੂੰ ਕਦੀ ਇਹੋ ਜਿਹੀਆਂ ਗੱਲਾਂ ਕਰਨ ਦੀ ਜੁਰਅੱਤ ਨਾ ਕਰਦੀ।

ਮਨਦੀਪ : ਬਾਪੂ ਜੀ ਬਾਰੇ ਮੈਂ ਕਹਿ ਨਹੀਂ ਸਕਦੀ। ਉਹ ਸ਼ਾਇਦ ਤੇਰੇ ਵਾਂਗ ਹੀ ਗੱਲ ਕਰਦੇ। ਮਰਦ ਬਾਪੂ ਹੋਵੇ, ਭਰਾ ਹੋਵੇ ਜਾਂ ਪਤੀ ਹੋਵੇ, ਉਹਦੀ ਸੋਚਣੀ ਇਕੋ ਹੀ ਹੁੰਦੀ ਹੈ। ਪਰ ਬੀਬੀ ਜਿਉਂਦੀ ਹੁੰਦੀ ਤਾਂ ਸ਼ਾਇਦ ਉਹ ਮੇਰੀ ਗੱਲ ਸਮਝ ਲੈਂਦੀ। ਸ਼ਾਇਦ ਦਾ ਸ਼ਬਦ ਮੈਂ ਤਾਂ ਵਰਤਿਆ ਏ ਕਿਉਂਕਿ ਇਕ ਔਰਤ ਦੂਜੀ ਔਰਤ ਨੂੰ ਸਮਝਣ ਦੀ ਗੁੰਜਾਇਸ਼ ਰੱਖਦੀ ਹੈ। ਉਹ ਔਰਤ ਭੈਣ ਹੋਵੇ, ਧੀ ਹੋਵੇ, ਮਾਂ ਹੋਵੇ

ਜਾਂ ਪਤਨੀ ਹੋਵੇ। (ਰਾਮੂ ਆਉਂਦਾ ਹੈ) ਰਾਮੂ ਦੇ ਆਇਆਂ ਏਂ ਦਵਾਈ ?

ਰਾਮੂ : ਜੀ ਦੇ ਆਇਆਂ। ਵੋਹ ਆਪਕੋ ਬੜੀਆਂ ਅਸੀਸਾਂ ਦੇਤੀ ਥੀ। ਵੋ ਕਹਿਤੀ ਥੀ ਜੀਤੀ ਰਹੇ ਤੇਰੀ ਬੀਬੀ।

ਹਰਨੇਕ : ਅਸੀਸਾਂ ਤਾਂ ਦੇਣੀਆਂ ਹੀ ਹੋਈਆਂ, ਘਰ ਬੈਠੇ ਬਿਠਾਏ ਮੁਫਤ ਦੀ ਦਵਾਈ ਮਿਲ ਗਈ। (ਰਾਮੂ ਜਾਣ ਲਗਦਾ ਹੈ) ਉਏ ਰਾਮੂ ਪਹਿਲਾਂ ਮੱਝਾਂ ਨੂੰ ਪਾਣੀ ਪਿਆ। ਵੱਡਾ ਕੰਪਾਊਂਡਰ ਲੱਗਾ ਹੋਇਆ। (ਮਨਦੀਪ ਨੂੰ ਜਾਂਦੀ ਦੇਖ ਕੇ) ਇਹਦੇ ਬਾਰੇ ਵੀ ਕੁਝ ਕਰਨਾ ਪਵੇਗਾ। (ਹਰਨੇਕ ਚਲਾ ਜਾਂਦਾ ਹੈ)

ਰਾਮੂ : ਦੇਖਾ ਬੀਬੀ ਜੀ, ਕੈਸੇ ਗੁੱਸੇ ਮੇਂ ਬੋਲਤੇ ਹੈਂ ? ਮੈਂ ਤੋ ਕਬਕਾ ਯਹਾਂ ਸੇ ਚਲਾ ਗਿਆ ਹੋਤਾ ਅਗਰ ਆਪ ਇਸ ਘਰ ਮੇਂ ਨਾ ਹੋਤੇ।

ਮਨਦੀਪ : ਤਾਂ ਤੂੰ ਮੇਰੇ ਕਰਕੇ ਇਸ ਘਰ ਵਿਚ ਕੰਮ ਕਰ ਰਿਹਾ ਏਂ ?

ਰਾਮੂ : ਆਪਕੋ ਦੇਖ ਕੇ ਮੁਝੇ ਆਪਣੇ ਗਾਉਂ ਕੀ ਯਾਦ ਆ ਜਾਤੀ ਹੈ, ਵਹਾਂ ਮੇਰੀ ਆਪ ਜੈਸੀ ਇਕ ਬਹਿਨ ਹੈ।

ਮਨਦੀਪ : ਜੇ ਤੈਨੂੰ ਇਥੇ ਰਹਿਣਾ ਚੰਗਾ ਨਹੀਂ ਲਗਦਾ ਤਾਂ ਤੂੰ ਆਪਣੇ ਦੇਸ਼ ਵਾਪਸ ਚਲਾ ਜਾਹ।

ਰਾਮੂ : ਚਲਾ ਤੋ ਜਾਊਂ ਮਗਰ ਵਹਾਂ ਭੂਖ ਹੈ।

ਮਨਦੀਪ : ਕਿਉਂ ਇਥੇ ਨਹੀਂ ?

ਰਾਮੂ : ਹੈ ਤੋ ਸਹੀ ਮਗਰ ਇਤਨੀ ਨਹੀਂ। ਗੁਰਦੁਆਰੇ ਮੇਂ ਲੰਗਰ ਲਗਤਾ ਹੈ। ਵਹਾਂ ਕੋਈ ਊਚ ਨਹੀਂ, ਸਭ ਏਕ ਕਤਾਰ ਮੇਂ ਬੈਠ ਕੇ ਖਾਣਾ ਖਾਤੇ ਹੈਂ। ਬਹੁਤ ਅੱਛਾ ਲਗਤਾ ਹੈ। ਹਮਾਰੇ ਗਾਉਂ ਮੇਂ ਕੋਈ ਭਜਨ ਹੋ ਤੋ ਬ੍ਰਾਹਮਣ ਲੋਗ ਅਲੱਗ ਬੈਠਤੇ ਹੈਂ ਔਰ ਗਰੀਬ ਲੋਗ ਉਨਸੇ ਦੂਰ ਬੈਠਤੇ ਹੈਂ। ਹਾਂ ਤੋ ਏਕ ਬਾਤ ਆਪ ਕੋ ਬਤਾ ਦੂੰ, ਬੀਰ ਜੀ ਆਪ ਕੇ ਕਾਮ ਕੋ ਅੱਛਾ ਨਹੀਂ ਸਮਝਤੇ, ਕੱਲ੍ਹ ਜਬ ਆਪ ਹਸਪਤਾਲ ਗਏ ਥੇ ਤੋ ਬੜੇ ਬੂਆ ਜੀ ਆਏ ਥੇ, ਵੋਹ ਬੀਰ ਜੀ ਸੇ ਆਪ ਦੇ ਲੀਏ ਏਕ ਲੜਕੇ ਕੀ ਬਾਤ ਕਰ ਰਹੇ ਥੇ, ਜੋ ਬੂਆ ਜੀ ਕਾ ਦਿਉਰ ਹੈ। ਔਰ ਬੀਰ ਜੀ ਨੇ ਏਕ ਕਿਸਮ ਕੀ ਹਾਂ ਭੀ ਕਰ ਦੀ ਹੈ।

ਮਨਦੀਪ : ਤੇਰੇ ਬੀਰ ਜੀ ਕੌਣ ਹੁੰਦੇ ਨੇ ? ਮੈਂ ਕਿਸੇ ਐਸੇ-ਵੈਸੇ ਆਦਮੀ ਨਾਲ ਵਿਆਹ ਨਹੀਂ ਕਰਵਾਉਂਗੀ। ਮੈਂ ਤਾਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਂਗੀ।

ਰਾਮੂ : ਹਾਂ ਬੀਬੀ ਜੀ, ਆਪਣੀ ਮਰਜ਼ੀ ਸੇ ਹੀ ਕਰਵਾਉਣਾ ਚਾਹੀਏ। ਜੈਸੇ ਰਾਤ ਵਾਲੀ ਫਿਲਮ ਮੇਂ ਪੂਜਾ ਭੱਟ ਨੇ ਕਰਵਾਇਆ ਥਾ।

ਮਨਦੀਪ : ਅੱਛਾ-ਅੱਛਾ ਫਿਲਮਾਂ ਦੀ ਗੱਲ ਨਾ ਕਰ, ਕੰਮ ਛੇਤੀ-ਛੇਤੀ ਮੁਕਾ ਲੈ।

*(ਚਲਾ ਜਾਂਦਾ ਹੈ)*

ਮਨਦੀਪ : ਤਾਂ ਵੀਰ ਜੀ ਆਪਣੀ ਜ਼ਿੱਦ ਪੂਰੀ ਕਰਨੀ ਚਾਹੁੰਦੇ ਹਨ। ਇਸ ਤੋਂ ਪਹਿਲਾਂ ਕਿ ਕੋਈ ਗੱਲ ਹੋਵੇ ਮੈਂ ਹੀ ਇਸ ਘਰ ਤੋਂ ਚਲੀ ਜਾਵਾਂਗੀ।

### ਝਾਕੀ ਦੂਜੀ

*(ਚਾਚਾ ਹਰਨਾਮ ਸਿੰਘ ਤੇ ਹਰਨੇਕ ਗੱਲਾਂ ਕਰ ਰਹੇ ਹਨ)*

ਚਾਚਾ : ਹੁਣ ਦੱਸ ਹਰਨੇਕ ਵਿਚੋਂ ਗੱਲ ਕੀ ਐ ? ਕੀ ਭੀੜ ਪੈ ਗਈ ਜਿਹੜੀ ਤੂੰ ਇਥੇ ਬੁਲਾ ਕੇ ਦੱਸਣੀ ਐ।

ਹਰਨੇਕ : ਚਾਚਾ ਮਸਲਾ ਮਨਦੀਪ ਦਾ ਐ। ਉਹ ਹਰ ਗੱਲੋਂ ਆਕੀ ਏ। ਅਖੇ ਮੈਂ ਵਿਆਹ ਕਰੂੰ ਤਾਂ ਆਪਣੀ ਮਰਜ਼ੀ ਨਾਲ ਕਰੂੰਗੀ, ਨੌਕਰੀ ਕਰੂੰ ਤਾਂ ਆਪਣੀ ਮਰਜ਼ੀ ਨਾਲ ਕਰੂੰ। ਮੈਂ ਕੌਣ ਹੁੰਦਾ ਹਾਂ ?

ਚਾਚਾ : ਕਿਉਂ, ਤੂੰ ਸਭ ਕੁਝ ਏਂ।

ਹਰਨੇਕ : ਉਹ ਸਮਝੇ ਤਾਂ ਹੀ ਕੋਈ ਕਞੇ। ਬਾਪੂ ਬੀਬੀ ਜਿਉਂਦੇ ਹੁੰਦੇ ਤਾਂ ਮੈਨੂੰ ਕੋਈ ਫਿਕਰ ਨਹੀਂ ਸੀ ਹੋਣਾ। ਤੇਰੇ ਨਾਲ ਤਾਂ ਗੱਲ ਕਰ ਰਿਹਾ ਹਾਂ ਕਿ ਬਾਪੂ ਦੀ ਥਾਂ ਹੁਣ ਘਰ ਵਿਚ ਤੂੰ ਹੀ ਵੱਡਾ ਏਂ। ਤੂੰ ਉਹਨੂੰ ਸਮਝਾ ਜਾਂ ਚਾਚੀ ਨੂੰ ਆਖ ਕਿ ਉਹ ਸਮਝਾਏ।

ਚਾਚਾ : ਚਾਚੀ ਦੀ ਗੱਲ ਨਾ ਕਰ, ਉਹ ਤਾਂ ਜਦੋਂ ਦੀ ਸਰਪੈਂਚਣੀ ਬਣੀ ਐ ਮੈਨੂੰ ਅੱਗੇ ਲਾਈ ਫਿਰਦੀ ਐ। ਉਹਦੇ ਸਾਰੇ ਤੌਰ ਤਰੀਕੇ ਹੀ ਬਦਲ ਗਏ ਨੇ। ਉਹਦੇ ਕੀ ਪਿੰਡ ਦੀਆਂ ਸਾਰੀਆਂ ਤੀਵੀਆਂ ਦੇ ਹੀ ਬਦਲ ਗਏ ਨੇ। ਵਾ ਹੀ ਐਸੀ ਚੱਲ ਪਈ ਐ।

ਹਰਨੇਕ : ਕਿਉਂ, ਕੋਈ ਖਾਸ ਗੱਲ ਹੋਈ ਏ ?

ਚਾਚਾ : ਹਾਂ ਸੁਣ, ਮੈਨੂੰ ਰਾਤੀਂ ਘਰ ਪੁੱਜਦਿਆਂ ਦੇਰ ਲੱਗ ਗਈ। ਮੁਖਤਿਆਰੇ ਨੇ ਆਪਣੇ ਪੋਤੇ ਦੀ ਪਾਰਟੀ ਦਿੱਤੀ ਸੀ। ਉਹਦਾ ਪੋਤਾ ਪੁਲਿਸ ਵਿਚ ਭਰਤੀ ਹੋ ਗਿਆ। ਮੈਂ ਥੋੜ੍ਹੀ ਜ਼ਿਆਦਾ ਹੀ ਖਾਧੀ-ਪੀਤੀ ਹੋਈ ਸੀ। ਭਲਾ ਉਹ ਪਾਰਟੀ ਵੀ ਕਾਹਦੀ, ਜਿਹਦੇ ਵਿਚ ਖਾਣਾ ਪੀਣਾ ਹੀ ਨਾ ਹੋਵੇ।

ਹਰਨੇਕ : ਆਹੋ ਬਈ, ਉਹ ਪਾਰਟੀ ਕਾਹਦੀ ਜਿਹਦੇ ਵਿਚ ਪੀਣਾ-ਪਿਲਾਣਾ ਨਾ ਹੋਵੇ ਤੇ ਪੀ ਕੇ ਬੜ੍ਹਕਾਂ ਨਾ ਮਾਰੀਆਂ ਜਾਣ।

ਚਾਚਾ : ਬੱਸ ਇਹੋ ਬੜ੍ਹਕਾਂ ਤੀਵੀਆਂ ਨੂੰ ਚੰਗੀਆਂ ਨਹੀਂ ਲਗਦੀਆਂ। ਮੈਂ ਘਰ ਪੁੱਜਾ ਤਾਂ ਅੱਗੋਂ ਬੂਹਾਂ ਬੰਦ, ਬੈਠਕ ਵੱਲ ਗਿਆ ਤਾਂ ਉਹ ਵੀ

ਬੰਦ। ਮੈਂ ਵਿਹੜੇ ਵੱਲ ਆ ਕੇ ਖੜਕਾਇਆ ਤਾਂ ਅੰਦਰੋਂ ਤੇਰੀ ਚਾਚੀ ਦੀ ਅਵਾਜ਼ ਆਈ, "ਬਾਹਰ ਹੀ ਪਿਆ ਰਹਿ, ਸਵੇਰੇ ਖੋਲ੍ਹਾਂਗੀ।" ਮੇਰਾ ਹੀ ਘਰ ਤੇ ਉਹ ਤੇਰੀ ਚਾਚੀ ਸਰਪੈਂਚਣੀ ਕਹਿੰਦੀ ਬੂਹਾ ਨਹੀਂ ਖੁਲ੍ਹੇਗਾ। ਮੈਂ ਵੀ ਕਿਥੇ ਚੁੱਪ ਰਹਿਣ ਵਾਲਾ ਸੀ, ਪੀਤੀ ਤਾਂ ਪਹਿਲਾਂ ਹੀ ਹੋਈ ਸੀ, ਮੈਂ ਕਿਹਾ, "ਕੰਜਰ ਦੀਏ ਬੂਹਾ ਖੋਲ੍ਹ। ਤੇਰਾ ਖਸਮ ਆਇਆ ਏ।"

ਹਰਨੇਕ : ਫੇਰ ?

ਚਾਚਾ : ਅੱਗੋਂ ਜਵਾਬ ਦੇਂਦੀ ਐ, "ਜਦੋਂ ਵਿਆਹੀ ਆਈ ਸਾਂ ਤਾਂ ਸਰਦਾਰਾਂ ਦੀ ਧੀ ਸਾਂ ਤੇ ਹੁਣ ਇਹ ਘਰ ਵੀ ਸਰਦਾਰਾਂ ਦੀ ਧੀ ਦਾ ਏ। ਕੰਜਰਾਂ ਦੀ ਧੀ ਦਾ ਨਹੀਂ। ਕੰਜਰਾਂ ਦਾ ਜਵਾਈ ਏ ਤਾਂ ਕੰਜਰਾਂ ਦੇ ਜਾ ਕੇ ਹੀ ਖੜਕਾ।" ਇਹ ਸਰਕਾਰ ਭੈਣ ਦੇਣੀ ਵੀ ਬੇਵਕੂਫ ਏ, ਜਿਹਨੇ ਤੀਵੀਆਂ ਨੂੰ ਸਰਪੈਂਚਣੀਆਂ ਬਣਾ ਦਿੱਤਾ।

ਹਰਨੇਕ : ਚਾਚਾ ਤੂੰ ਜਦੋਂ ਸਰਪੰਚ ਸੀ ਤਾਂ ਉਸ ਵੇਲੇ ਵੀ ਚਾਚੀ ਸਰਪੈਂਚਣੀ ਸੀ। ਪਿੰਡ ਵਾਲੇ ਉਹਨੂੰ ਇਹੋ ਕਹਿ ਦੇ ਬੁਲਾਉਂਦੇ ਸੀ।

ਚਾਚਾ : ਉਏ ਉਸ ਵੇਲੇ ਉਹ ਸਰਪੈਂਚਣੀ ਤਾਂ ਸੀ ਕਿਉਂਕਿ ਉਦੋਂ ਮੈਂ ਸਰਪੰਚ ਸਾਂ ਤੇ ਉਹ ਮੇਰੀ ਘਰਵਾਲੀ ਸੀ, ਜਿਵੇਂ ਪਟਵਾਰੀ ਦੀ ਘਰਵਾਲੀ ਪਟਵਾਰਨ, ਮਾਸਟਰ ਦੀ ਘਰਵਾਲੀ ਮਾਸਟਰਨੀ, ਥਾਣੇਦਾਰ ਦੀ ਘਰਵਾਲੀ ਥਾਣੇਦਾਰਨੀ, ਡਾਕਟਰ ਦੀ ਘਰਵਾਲੀ ਡਾਕਟਰਨੀ। ਉਸ ਵੇਲੇ ਤਾਂ ਉਹ ਮੇਰੇ ਪੈਰਾਂ ਦਾ ਪਾਣੀ ਧੋ-ਧੋ ਕੇ ਪੀਂਦੀ ਸੀ ਪਰ ਹੁਣ...।

ਹਰਨੇਕ : ਹੁਣ ਕੀ ਚਾਚਾ।

ਚਾਚਾ : ਹੁਣ ਤਾਂ ਅਸਲੋਂ ਹੀ ਸਰਪੈਂਚਣੀ ਹੈ, ਸਰਕਾਰੇ-ਦਰਬਾਰੇ ਕਾਗਜ਼ਾਂ ਵਿਚ ਸਰਪੈਂਚਣੀ।

ਹਰਨੇਕ : ਫੇਰ ਚਾਚਾ ਕੀ ਹੋਇਆ, ਕੁੰਡੀ ਖੋਲ੍ਹੀ ਕੇ ਨਾ ?

ਚਾਚਾ : ਕਿਥੇ ? ਸਾਰੀ ਰਾਤ ਪਸ਼ੂਆਂ ਵਾਲੇ ਵਾੜੇ ਵਿਚ ਹੀ ਪਿਆ ਰਿਹਾ। ਮੱਛਰ ਭੈਣ ਦੇਣੀ ਦੇ ਕੱਟ-ਕੱਟ ਕੇ ਖਾ ਗਏ ਤੇ ਤੂੰ ਕਹਿਨਾ ਏ ਤੇਰੀ ਚਾਚੀ ਮਨਦੀਪ ਨੂੰ ਸਮਝਾਏ। ਉਹ ਆ ਗਈ ਤਾਂ ਮਨਦੀਪ ਨੂੰ ਹੋਰ ਚੁੱਕੇਗੀ। ਅੱਜਕੱਲ੍ਹ ਉਹਦਾ ਨਾਅਰਾ ਏ 'ਜੋ ਮਰਦ ਕਹੇ ਉਹਦੇ ਉਲਟ ਜਾਉ। ਮਰਦ ਪ੍ਰਧਾਨ ਸਮਾਜ ਮੁਰਦਾਬਾਦ।'

*(ਰਾਮੂ ਆਉਂਦਾ ਹੈ)*

ਰਾਮੂ : ਨਹੀਂ ਚਾਚਾ, ਵੋ ਕਹਿਤੀ ਹੈ ਕਿ ਗਾਲੀ ਦੇਣੇ ਵਾਲੇ ਮਰਦ ਮੁਰਦਾਬਾਦ, ਆਪਣੀ ਜੋਰੂ ਕੋ ਪੀਟਨੇ ਵਾਲੇ ਮਰਦ ਮੁਰਦਾਬਾਦ,

ਲੜਕੀਉਂ ਕੀ ਤੋ ਵੋ ਖਾਸ ਬਾਤ ਕਰਤੀ ਹੈ ਕਿ ਗਰਭ ਮੇਂ ਲੜਕੀਉਂ ਕੋ ਮਾਰਨੇ ਵਾਲੇ ਮੁਰਦਾਬਾਦ।

ਹਰਨੇਕ : ਉਏ ਕੰਜਰਾਂ ਤੈਨੂੰ ਕਿਵੇਂ ਪਤਾ ਏ ?

ਰਾਮੂ : ਕੱਲ੍ਹ ਸੱਥ ਮੇਂ ਵੋ ਮੀਟਿੰਗ ਮੇਂ ਬੋਲ ਰਹੀ ਥੀ, ਚਾਚੀ ਸਰਪੈਂਚਣੀ ਬਹੁਤ ਅੱਛੀ ਹੈ।

ਚਾਚਾ : ਤੂੰ ਤਾਂ ਆਖਣਾ ਹੀ ਹੋਇਆ, ਤੁਹਾਡੇ ਭਈਆਂ ਦੀ ਤਾਂ ਉਹ ਖਾਸ ਹਿਮੈਤ ਕਰਦੀ ਐ।

ਰਾਮੂ : ਐਸੇ ਹੀ ਨਹੀਂ ਕਰਤੀ। ਅੱਬ ਵੋ ਡੇਅਰੀ ਵਾਲੇ ਸਰਦਾਰ ਜੀ ਇਕ ਬਿਹਾਰੀ ਕੇ ਪੈਸੇ ਨਹੀਂ ਦੇਤੇ ਥੇ। ਸਰਪੈਂਚਣੀ ਚਾਚੀ ਨੇ ਵੋ ਪੈਸੇ ਦਿਲਵਾ ਦੀਏ। ਯੇ ਕੋਈ ਬਾਤ ਥੋੜ੍ਹੀ ਹੈ ਕਿ ਕਾਮ ਕਰਵਾ ਲੋ ਔਰ ਪੈਸੇ ਨਾ ਦੋ।

ਹਰਨੇਕ : ਅੱਛਾ ਅੱਛਾ ਜਾਹ, ਆਪਣਾ ਕੰਮ ਕਰ ਜਾ ਕੇ।

*(ਰਾਮੂ ਚਲਾ ਜਾਂਦਾ ਹੈ)*

ਚਾਚਾ : ਉਏ ਹਰਨੇਕ ਤੇਰਾ ਭਈਆ ਬੋਲਦਾ ਬਹੁਤ ਹੈ।

ਹਰਨੇਕ : ਚਾਚਾ, ਇਹ ਤਾਂ ਘਰ ਦਾ ਮਾਲਕ ਐ। ਬਾਪੂ ਬੇਬੇ ਦੇ ਪੂਰੇ ਹੋ ਜਾਣ ਤੋਂ ਬਾਅਦ ਇਹੀ ਸਾਰਾ ਘਰ ਸਾਂਭਦਾ ਏ। ਰੋਟੀ ਪਾਣੀ ਵੀ ਇਹੀ ਕਰਦਾ।

ਚਾਚਾ : ਕਿਉਂ ? ਮਨਦੀਪ ਨਹੀਂ ਕਰਦੀ ?

ਹਰਨੇਕ : ਮਨਦੀਪ ਨੂੰ ਵਿਹਲ ਕਿੱਥੇ ? ਚਾਚਾ ਇਕ ਗੱਲ ਐ, ਜੀਹਦੇ ਲਈ ਮੈਂ ਤੈਨੂੰ ਬੁਲਾਇਆ ਏ। ਮਨਦੀਪ ਕਿਸੇ ਡਾਕਟਰ ਨਾਲ ਵਿਆਹ ਕਰਵਾਉਣਾ ਚਾਹੁੰਦੀ ਏ।

ਚਾਚਾ : ਫੇਰ ਕਰਵਾ ਲਏ। ਡਾਕਟਰ ਕੋਈ ਮਾਮੂਲੀ ਚੀਜ਼ ਨਹੀਂ ਏ, 10-12 ਹਜ਼ਾਰ ਤਨਖਾਹ ਲੈਂਦੇ ਨੇ।

ਹਰਨੇਕ : ਪਰ ਚਾਚਾ ਉਹ ਡਾਕਟਰ ਨੀਵੀਂ ਜਾਤ ਦਾ ਏ।

ਚਾਚਾ : ਨੀਵੀਂ ਜਾਤ ਦਾ ? ਘੁਮਿਆਰ ਏ ? ਤਰਖਾਣ ਏ ? ਚੁਮਾਰ ਏ ?

ਹਰਨੇਕ : ਇਹ ਤਾਂ ਨਹੀਂ ਪਤਾ, ਮਨਦੀਪ ਕੋਲੋਂ ਪੁੱਛਿਆ ਤਾਂ ਕਹਿਣ ਲੱਗੀ ਉਹ ਐਮ. ਬੀ. ਬੀ. ਐਸ. ਏ। ਮੈਂ ਅੱਗੋਂ ਪੁੱਛਿਆਂ ਤਾਂ ਉਹਨੇ ਮੇਰੀ ਜਾਤ ਹੀ ਗਿਣਾ ਦਿੱਤੀ ਕਿ ਮੈਂ ਦੁੱਧ ਵਿਚ ਪਾਣੀ ਮਿਲਾ ਕੇ ਵੇਚਣ ਵਾਲਾ ਬੇਈਮਾਨ ਹਾਂ, ਵੈਲੀ ਹਾਂ, ਘਰ ਦੀ ਸ਼ਰਾਬ ਕੱਢਦਾਂ।

ਚਾਚਾ : ਫੇਰ ਤਾਂ ਉਹ ਤੇਰੀ ਚਾਚੀ ਤੋਂ ਵੀ ਦੋ ਕਦਮ ਅੱਗੇ ਹੋਈ। ਉਹਨੂੰ ਵੀ ਕੁਝ ਆਖੋ ਤਾਂ ਚਾਰ ਅੱਗੋਂ ਸੁਣਾਏਗੀ, "ਤੂੰ ਸ਼ਰਾਬੀ ਏਂ, ਕਬਾਬੀ ਏਂ, ਤੂੰ ਵੈਲੀ ਏਂ, ਤੇਰੀ ਨੀਅਤ ਮੈਲੀ ਏ" ਤੇ ਹੋਰ ਵੀ ਬਹੁਤ ਕੁਝ...

ਪਰ ਤੂੰ ਫਿਕਰ ਨਾ ਕਰ ਮੈਂ ਮਨਦੀਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗਾ। ਖਾਨਦਾਨ ਦੀ ਇੱਜ਼ਤ ਵੀ ਕੋਈ ਸ਼ੈਅ ਹੁੰਦੀ ਏ। ਚਮਾਰਾਂ ਦੀ ਕੁੜੀ ਜੱਟਾਂ ਦੇ ਵਿਆਹੀ ਜਾਏ ਤਾਂ ਕੋਈ ਗੱਲ ਨਹੀਂ, ਜੱਟਾਂ ਦੀ ਕੁੜੀ ਚੁਮਾਰਾਂ ਦੇ ਘਰ ਨਹੀਂ ਜਾਣੀ ਚਾਹੀਦੀ। ਤੂੰ ਮੇਰੇ ਨਾਲ ਆ, ਤੇਰੀ ਚਾਚੀ ਨਾਲ ਗੱਲ ਕਰਦੇ ਹਾਂ, ਸ਼ਾਇਦ ਕੋਈ ਰਾਹ ਲੱਭ ਪਵੇ। ਆਖਰ ਸਰਪੈਂਚਣੀ ਐ, ਏਡੀਆਂ ਵੱਡੀਆਂ ਗੱਲਾਂ ਦੇ ਨਿਬੇੜੇ ਕਰਦੀ ਏ ਇਹਦਾ ਨਿਬੇੜਾ ਨਹੀਂ ਕਰੇਗੀ।

ਹਰਨੇਕ : ਚੱਲ ਚਾਚਾ ਹੁਣੇ ਹੀ ਚਲਦੇ ਹਾਂ। (ਦੋਵੇਂ ਬਾਹਰ ਜਾਂਦੇ ਹਨ। ਰਾਮੂ ਆਉਂਦਾ ਹੈ)

ਰਾਮੂ : ਕਹੇਂਗੇ ਕਿ ਹਮਾਰੇ ਮੇਂ ਊਚ ਨੀਚ ਨਹੀਂ। ਲੰਗਰ ਖਾਤੇ ਵਕਤ ਏਕ ਹੀ ਕਤਾਰ ਮੇਂ ਬੈਠ ਕੇ ਖਾਏਂਗੇ। ਮਗਰ ਜਬ ਬੇਟੀ ਕੀ ਸ਼ਾਦੀ ਕੀ ਬਾਤ ਹੋ ਤੋ ਸਭ ਊਚ ਨੀਚ ਯਾਦ ਆ ਜਾਤੀ ਹੈ। ਸਾਲੇ ਪਾਖੰਡੀ ਕਹੀਂ ਕੇ।

*ਫੇਡ ਆਊਟ*

## ਝਾਕੀ ਤੀਜੀ

(ਮਨਦੀਪ ਬੈਗ ਵਿਚ ਆਪਣਾ ਸਮਾਨ ਪਾ ਰਹੀ ਹੈ ਜਦੋਂ ਹਰਨੇਕ ਆਉਂਦਾ ਹੈ)

ਹਰਨੇਕ : ਇਹ ਸਮਾਨ ਜਿਹਾ ਕੀ ਬੰਨ੍ਹ ਰਹੀ ਏਂ ?

ਮਨਦੀਪ : ਤੈਨੂੰ ਪਤਾ ਨਹੀਂ ?

ਹਰਨੇਕ : ਨਹੀਂ।

ਮਨਦੀਪ : ਤਾਂ ਫਿਰ ਸੁਣ ਲੈ, ਮੈਂ ਘਰ ਤੋਂ ਜਾ ਰਹੀ ਹਾਂ।

ਹਰਨੇਕ : ਕਿੱਥੇ ?

ਮਨਦੀਪ : ਜਿਥੇ ਕੁੜੀ ਸਮਾਂ ਆਉਣ ’ਤੇ ਆਪਣੇ ਮਾਪਿਆਂ ਦਾ ਘਰ ਛੱਡ ਕੇ ਜਾਂਦੀ ਏ।

ਹਰਨੇਕ : ਤੂੰ ਨਹੀਂ ਜਾ ਸਕਦੀ।

ਮਨਦੀਪ : ਤੂੰ ਰੋਕ ਸਕਦਾ ਏ ?

ਹਰਨੇਕ : ਹਾਂ ਮੈਂ ਰੋਕ ਸਕਦਾ ਹਾਂ।

ਮਨਦੀਪ : ਕਿਸ ਦਾਅਵੇ ਨਾਲ ?

ਹਰਨੇਕ : ਮੈਂ ਤੇਰਾ ਭਰਾ ਹਾਂ।

ਮਨਦੀਪ : ਮੈਂ ਤੇਰੀ ਜਾਣਕਾਰੀ ਲਈ ਦੱਸ ਦੇਵਾਂ ਕਿ ਇਸ ਦੇਸ਼ ਵਿਚ ਕਾਨੂੰਨ ਏ।

ਹਰਨੇਕ : ਕਾਨੂੰਨ ? ਕਿਹੜਾ ਕਾਨੂੰਨ ਏ ?

ਮਨਦੀਪ : ਹਰ ਕੁੜੀ ਜਿਸ ਦੀ ਉਮਰ 18 ਸਾਲ ਤੋਂ ਉੱਪਰ ਹੈ ਉਹ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਸਕਦੀ ਏ। ਬਾਕੀ ਤੂੰ ਜਿਹੜੀ ਗੱਲ ਭਰਾ ਵਾਲੀ ਕੀਤੀ ਏ, ਉਹਦੇ ਬਾਰੇ ਮੈਂ ਤੈਨੂੰ ਦੱਸ ਦੇਵਾਂ ਕਿ ਤੂੰ ਕਦੇ ਵੀ ਭਰਾਵਾਂ ਵਾਲੀ ਗੱਲ ਕੀਤੀ ਹੀ ਨਹੀਂ। ਤੂੰ ਕੀ ? ਭਰਾਵਾਂ ਨੇ ਹਮੇਸ਼ਾਂ ਹੀ ਭੈਣਾਂ ਉੱਤੇ ਰੋਅਬ ਹੀ ਪਾਇਆ ਏ।

ਹਰਨੇਕ : ਤੂੰ ਕਦੋਂ ਇਹ ਰੋਅਬ ਮੰਨਿਆ ਏ।

ਮਨਦੀਪ : ਨਹੀਂ ਮੰਨਿਆ, ਕਿਉਂਕਿ ਮੈਂ ਬਚਪਨ ਤੋਂ ਹੀ ਇਸ ਦੇ ਖਿਲਾਫ਼ ਸਾਂ। ਮੈਂ ਤੇਰੀ ਭੈਣ ਜ਼ਰੂਰ ਹਾਂ ਪਰ ਤੇਰੇ ਹੁਕਮ ਵਿਚ ਹੋਵਾਂ ਇਹ ਜ਼ਰੂਰੀ ਨਹੀਂ। ਸਾਡੇ ਗੀਤਾਂ ਵਿਚ ਵੀ ਭੈਣਾਂ ਨੂੰ ਹਮੇਸ਼ਾਂ ਨੀਵੇਂ ਦਰਜੇ ’ਤੇ ਰੱਖਿਆ ਗਿਆ। “ਇਕ ਵੀਰ ਦੇਵੀਂ ਵੇ ਰੱਬਾ, ਸੌਂਹ ਖਾਣ ਨੂੰ ਬੜਾ ਚਿੱਤ ਕਰਦਾ”। ਮੈਂ ਪੁੱਛਦੀ ਹਾਂ ਕਿ ਕਦੇ ਕਿਸੇ ਵੀਰ ਨੇ ਵੀ ਭੈਣ ਦੀ ਮੰਗ ਕੀਤੀ ਏ ? ਵੀਰਾਂ ਨੇ ਭਰਾਵਾਂ ਦੀ ਖੁਸ਼ੀ ਦਾ ਕਦੇ ਖਿਆਲ ਨਹੀਂ ਕੀਤਾ। ਉਹ ਹਮੇਸ਼ਾ ਮਾਪਿਆਂ ਦੇ ਲਾਡਲੇ ਰਹੇ ਨੇ ਮਾਪੇ ਧੀਆਂ ਦਾ ਹਿੱਸਾ ਖੋਹ ਕੇ ਪੁੱਤਰਾਂ ਦੀਆਂ ਮੰਗਾਂ ਪੂਰੀਆਂ ਕਰਦੇ ਨੇ।

ਹਰਨੇਕ : ਇਹ ਤੂੰ ਨਹੀਂ ਕਹਿ ਸਕਦੀ, ਤੂੰ ਤਾਂ ਇਸ ਘਰ ਵਿਚ ਹਮੇਸ਼ਾ ਹੀ ਖੋਹ ਕੇ ਖਾਧਾ ਏ।

ਮਨਦੀਪ : ਹਮੇਸ਼ਾ ਨਹੀਂ, ਸਗੋਂ ਉਸ ਵੇਲੇ ਤੋਂ ਬਾਅਦ ਜਦੋਂ ਦੀ ਮੈਨੂੰ ਸੂਝ ਆਈ ਏ। ਨਿੱਕੀ ਹੁੰਦੀ ਹੀ ਦੇਖਦੀ ਸਾਂ ਕਿ ਬੀਬੀ ਤੈਨੂੰ ਚੋਪੜੀ ਦਿੰਦੀ ਤੇ ਮੈਨੂੰ ਸੁੱਕੀ ਹੀ ਮਿਲਦੀ। ਦੁੱਧ ਥੋੜਾ ਹੁੰਦਾ ਤਾਂ ਤੇਰਾ ਹੀ ਗਿਲਾਸ ਭਰ ਦਿੱਤਾ ਜਾਂਦਾ, ਮੈਂ ਦੇਖਦੀ ਰਹਿ ਜਾਂਦੀ। ਫਿਰ ਇਕ ਸਮਾਂ ਆਇਆ ਜਦੋਂ ਮੈਂ ਫੈਸਲਾ ਕਰ ਲਿਆ ਕਿ ਮੈਂ ਆਪਣੇ ਪੈਰਾਂ ’ਤੇ ਆਪ ਖੜੀ ਹੋਵਾਂਗੀ। ਅੱਜ ਤੋਂ ਦਸ ਸਾਲ ਪਹਿਲਾਂ ਰੱਖੜੀ ਵਾਲਾ ਦਿਨ ਯਾਦ ਏ ?

ਹਰਨੇਕ : ਰੱਖੜੀ ਵਾਲਾ ਦਿਨ...? ਆਹੋ ਯਾਦ ਏ।

ਮਨਦੀਪ : ਮੈਂ ਤੈਨੂੰ ਰੱਖੜੀ ਬੰਨ੍ਹਣ ਤੋਂ ਇਨਕਾਰ ਕਰ ਦਿੱਤਾ ਸੀ, ਪਤਾ ਏ ਕਿਉਂ ?

ਹਰਨੇਕ : ਕਿਉਂ ?

ਮਨਦੀਪ : ਕਿਉਂਕਿ ਰੱਖੜੀ ਨਾਲ ਇਹ ਗੱਲ ਜੁੜੀ ਹੋਈ ਹੈ ਕਿ ਵੀਰ ਹਮੇਸ਼ਾ ਭੈਣਾਂ ਦੀ ਰਾਖੀ ਕਰਦੇ ਹਨ। ਮੈ ਕਿਹਾ ਸੀ ਜੇ ਵੀਰ ਪਿਆਰ ਵਾਲੀ ਹੋਵੇ ਤਾਂ ਮੈਂ ਰੱਖੜੀ ਬੰਨ੍ਹਾਂਗੀ ਪਰ ਜੇ ਰਾਖੀ ਵਾਲੀ ਗੱਲ ਏ ਤਾਂ ਮੈਂ ਰੱਖੜੀ ਨਹੀਂ ਬੰਨ੍ਹਾਂਗੀ, ਕਿਉਂਕਿ ਮੈਨੂੰ ਕਿਸੇ ਦੀ ਰਾਖੀ ਦੀ ਲੋੜ

ਨਹੀਂ। ਆਪਣੀ ਰਾਖੀ ਮੈਂ ਆਪ ਕਰਾਂਗੀ। ਇਹ ਗੱਲ ਮੈਂ ਪਿੰਡ ਦੀਆਂ ਕੁੜੀਆਂ ਨੂੰ ਵੀ ਕਹੀਂ ਕਿ ਸਾਨੂੰ ਤਰਸ ਦੀਆਂ ਪਾਤਰ ਨਹੀਂ ਬਣਨਾ ਚਾਹੀਦਾ। ਆਪਣੇ ਪੈਰਾਂ 'ਤੇ ਆਪ ਖੜ੍ਹੇ ਹੋਣਾ ਚਾਹੀਦਾ। ਪਿੰਡ ਦੀਆਂ ਤੀਵੀਆਂ ਨੇ ਬੀਬੀ ਨੂੰ ਉਲ੍ਹਾਂਭਾ ਵੀ ਦਿੱਤਾ ਸੀ ਕਿ ਮਨਦੀਪ ਨੂੰ ਤਾਂ ਖੰਭ ਲੱਗ ਗਏ ਨੇ। ਮੈਂ ਕਿਹਾ ਸੀ "ਹਾਂ ਲੱਗ ਗਏ ਨੇ ਖੰਭ।"ਕੁੜੀਆਂ ਨੂੰ ਆਪਣੀ ਤਕਦੀਰ ਦਾ ਆਪ ਮਾਲਕ ਹੋਣਾ ਚਾਹੀਦਾ।

ਹਰਨੇਕ : ਤੇ ਮੈਂ ਤੈਨੂੰ ਦੱਸ ਦੇਵਾਂ ਕਿ ਉਸ ਵੇਲੇ ਤਾਂ ਮੈਂ ਤੈਨੂੰ ਕੁਝ ਕਿਹਾ ਸੀ ਜਾਂ ਨਹੀਂ, ਪਰ ਹੁਣ ਮੈਂ ਤੇਰੇ ਇਹ ਖੰਭ ਕੱਟ ਦੇਵਾਂਗਾ। ਮੈਂ ਕਦੇ ਵੀ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਮੇਰੀ ਭੈਣ ਕਿਸੇ ਕਮੀਣ ਜਾਤ ਦੇ ਬੰਦੇ ਨਾਲ ਨਾਤਾ ਜੋੜੇ।

ਮਨਦੀਪ : ਜੇ ਮੈਂ ਕਹਾਂ ਕਿ ਮੈਂ ਇਹ ਨਾਤਾ ਜੋੜਾਂਗੀ, ਕਿਉਂਕਿ ਮੈਂ ਇਹ ਜਾਤਾਂ ਦੇ ਫਰਕ ਨੂੰ ਨਹੀਂ ਮੰਨਦੀ।

ਹਰਨੇਕ : ਤਾਂ ਮੈਂ ਤੇਰੇ ਵੀ ਡਕਰੇ-ਡਕਰੇ ਕਰ ਦਿਆਂਗਾ ਤੇ ਤੇਰੇ ਉਸ ਲਗਦੇ ਦੇ ਵੀ।

ਮਨਦੀਪ : ਅੱਛਾ।

ਹਰਨੇਕ : ਅੱਛਾ ਕੀ ?

ਮਨਦੀਪ : ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਜਿਹੜਾ ਦੂਜੇ ਦੇ ਡੱਕਰੇ ਕਰੇਗਾ ਉਹ ਆਪ ਵੀ ਫਾਹੇ ਲੱਗ ਜਾਵੇਗਾ। ਇਸ ਤੋਂ ਅੱਗੇ ਜਿਸ ਦੇ ਡੱਕਰੇ ਕਰਨ ਜਾਏਂਗਾ, ਉਹਨੇ ਅੱਗੋਂ ਚੂੜੀਆਂ ਨਹੀਂ ਪਾਈਆਂ ਹੋਈਆਂ।

ਹਰਨੇਕ : ਵੇਖੀ ਜਾਏਗੀ।

ਮਨਦੀਪ : ਵੇਖੀ ਕੀ ਜਾਏਗੀ ? ਤੂੰ ਮੇਰੇ ਕੋਲੋਂ ਭੁਲਿਆ ਹੋਇਆ ਨਹੀਂ। ਤੂੰ ਵੀ ਇਸੇ ਘਰ ਵਿਚ ਜੰਮਿਆਂ ਪਲਿਆਂ ਏਂ ਤੇ ਮੈਂ ਵੀ ਇਸੇ ਘਰ ਵਿਚ ਜੰਮੀ ਪਲੀ ਹਾਂ। ਜਿੰਨਾ ਤੂੰ ਸੂਰਮਾ ਏਂ ਉਨਾ ਤੈਨੂੰ ਵੀ ਪਤਾ ਏ ਤੇ ਮੈਨੂੰ ਵੀ। (ਕੁਹਾੜੀ ਚੁੱਕ ਕੇ ਉਸਦੇ ਹੱਥ ਵਿਚ ਦੇਂਦੀ ਹੈ) ਲੈ ਫੜ, ਕਰ ਲੈ ਡੱਕਰੇ, ਫੜ ਕਰ ਡੱਕਰੇ, ਕਰ ਲੈ ਚਾਅ ਪੂਰਾ, ਜੇ ਹਿੰਮਤ ਹੈ ਤਾਂ ਫੜ ਕੁਹਾੜੀ ਤੇ ਕਰਦੇ ਮੇਰੇ ਡੱਕਰੇ-ਡੱਕਰੇ। ਮੈਂ ਤੇਰੇ ਸਾਹਮਣੇ ਖੜ੍ਹੀ ਹਾਂ ਤੇਰੀ ਭੈਣ। (ਚਾਚਾ ਆਉਂਦਾ। ਮਨਦੀਪ ਦੇ ਹੱਥੋਂ ਕੁਹਾੜੀ ਫੜਦਾ ਹੈ)

ਚਾਚਾ : ਓਏ ਕੀ ਹੋਇਆ ਤੁਹਾਨੂੰ ?

ਹਰਨੇਕ : ਚਾਚਾ ਇਹ ਕੁੜੀ ਇਸ ਘਰ ਤੋਂ ਜਾਣਾ ਚਾਹੁੰਦੀ ਹੈ।

ਚਾਚਾ : ਜਾਣਾ ਚਾਹੁੰਦੀ ਏ ? ਤਾਂ ਫੇਰ ਜਾ ਲੈਣ ਦੇ ਸੂ। ਓਏ ਭਤੀਜ, ਹੁਣ

ਪੁਰਾਣੇ ਜ਼ਮਾਨੇ ਨਹੀਂ ਰਹੇ। ਜੇ ਤੀਵੀਆਂ ਸਰਪੈਂਚਣੀਆਂ ਬਣ ਸਕਦੀਆਂ ਨੇ ਤਾਂ ਕੁੜੀਆਂ ਮਰਜ਼ੀ ਨਾਲ ਵਿਆਹ ਵੀ ਕਰਵਾ ਸਕਦੀਆਂ ਨੇ।

ਪਿਛੋਂ ਆਵਾਜ਼ : ਪਿੱਪਲ ਦੇ ਪੱਤਿਆ ਵੇ, ਕੀ ਖੜ ਖੜ ਲਾਈ ਆ,
ਪੱਤਝੜ ਹੋਏ ਪੁਰਾਣੇ, ਰੁੱਤ ਨਵਿਆਂ ਦੀ ਆਈ ਆ।
ਪੰਛੀ ਜਾਗਣ ਖੰਭ ਹਿਲਾਉਣ, ਰੁੱਤ ਨਵਿਆਂ ਦੀ ਆਈ ਆ

*(ਸਾਰੇ ਇਕ ਖਾਸ ਮੁਦਰਾ ਵਿਚ ਫਰੀਜ਼ ਹੁੰਦੇ ਹਨ)*

*(ਸਮਾਪਤ)*